ਪੰਜਾਬ ਸਰਕਾਰ

ਖੇਡਾਂ ਤੇ ਯੁਵਕ ਸੇਵਾਵਾਂ ਵਿਭਾਗ

(ਖੇਡਾਂ ਤੇ ਯੁਵਕ ਸੇਵਾਵਾਂ ਸ਼ਾਖਾ)

# ਨੋਟੀਫਿਕੇਸ਼ਨ

ਮਿਤੀ ਚੰਡੀਗੜ੍ਹ 5-7-2016

ਨੰ: 1/ 7/14/4ਸਸ/ 789944/1

ਪੰਜਾਬ ਸਰਕਾਰ ਵੱਲੋਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਖੇਡ ਮੁਕਾਬਲਿਆਂ ਵਿੱਚ ਮੱਲ੍ਹਾਂ ਮਾਰਨ ਵਾਲੇ ਉਚ ਕੋਟੀ ਦੇ ਖਿਡਾਰੀਆਂ ਨੂੰ ਸਨਮਾਨ ਦੇਣ ਦੇ ਉਦੇਸ਼ ਨਾਲ ਪੰਜਾਬ ਸਰਕਾਰ ਗ੍ਰਹਿ ਵਿਭਾਗ (ਪੰਜਾਬ ਪੁਲਿਸ) ਵਿੱਚ ਖੇਡ ਕੋਟੇ ਦੀਆਂ ਵੱਖ ਵੱਖ ਅਸਾਮੀਆਂ ਵਿਰੁੱਧ ਨੌਕਰੀ ਦੇਣ ਦਾ ਫੈਸਲਾ ਕੀਤਾ ਗਿਆ ਹੈ। ਮੰਤਰੀ ਮੰਡਲ ਵੱਲੋਂ ਇਸ ਸੰਬੰਧੀ ਪ੍ਰਵਾਨਗੀ ਮਿਤੀ 20.05.2015 ਨੂੰ ਹੋਈ ਮੀਟਿੰਗ ਵਿੱਚ ਦਿੱਤੀ ਗਈ ਹੈ। ਇਨ੍ਹਾਂ ਅਸਾਮੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| | | |
|---|---|---|
| 1. | ਡਿਪਟੀ ਸੁਪਰਡੰਟ ਆਫ ਪੁਲਿਸ | 10 ਅਸਾਮੀਆਂ |
| 2. | ਸਬ-ਇੰਸਪੈਕਟਰ | 50 ਅਸਾਮੀਆਂ |
| 3. | ਸਿਪਾਹੀ | 65 ਅਸਾਮੀਆਂ |

2. ਇਨ੍ਹਾਂ ਅਸਾਮੀਆਂ ਨੂੰ ਭਰਨ ਲਈ ਹੇਠ ਲਿਖੀਆਂ ਖੇਡ/ਵਿਦਿਅਕ ਯੋਗਤਾਵਾਂ ਨਿਰਧਾਰਤ ਕੀਤੀਆਂ ਗਈਆ ਹਨ:-

(ੳ) ਡਿਪਟੀ ਸੁਪਰਡੰਟ ਆਫ ਪੁਲਿਸ:-

(i) ਓਲੰਪਿਕ ਖੇਡਾਂ ਵਿੱਚ ਤਮਗਾ ਪ੍ਰਾਪਤ ਕਰਨ ਵਾਲੇ ਖਿਡਾਰੀ।

(ii) ਵਰਲਡ ਕੱਪ ਵਿੱਚ ਤਮਗਾ ਪ੍ਰਾਪਤ ਕਰਨ ਵਾਲੇ ਖਿਡਾਰੀ।

(iii) ਏਸ਼ੀਅਨ ਖੇਡਾਂ ਵਿੱਚ ਤਮਗਾ ਜਿੱਤਣ ਵਾਲੇ ਖਿਡਾਰੀ।

(iv) ਕਾਮਨ ਵੈਲਥ ਖੇਡਾਂ ਵਿਚ ਸੋਨੇ ਦਾ ਤਮਗਾ ਜਿੱਤਣ ਵਾਲੇ ਖਿਡਾਰੀ।

(ਮੈਡਲ ਪ੍ਰਾਪਤ ਖਿਡਾਰੀਆਂ ਦੀਆਂ ਪ੍ਰਾਪਤੀਆਂ ਉਪਰ ਦਿੱਤੇ ਕ੍ਰਮ ਅਨੁਸਾਰ ਨਿਸਚਿਤ ਕੀਤੀਆਂ ਜਾਣਗੀਆਂ। ਭਾਵ ਉਲੰਪਿਕ ਵਿਚ ਮੈਡਲ ਜੇਤੂ ਖਿਡਾਰੀ ਪਹਿਲੇ ਨੰਬਰ ਤੇ, ਵਰਲਡ ਕੱਪ ਦੇ ਮੈਡਲ ਜੇਤੂ ਖਿਡਾਰੀ ਦੂਜੇ ਨੰਬਰ ਤੇ, ਏਸ਼ੀਅਨ ਖੇਡਾ ਵਿਚ ਤਮਗਾ ਜਿੱਤਣ ਵਾਲੇ ਖਿਡਾਰੀ ਤੀਜੇ ਨੰਬਰ ਤੇ ਅਤੇ ਕਾਮਨਵੈਲਥ ਖੇਡਾਂ ਦੇ ਮੈਡਲ ਜੇਤੂ ਖਿਡਾਰੀ ਚੌਥੇ ਨੰਬਰ ਤੇ ਵਿਚਾਰੇ ਜਾਣਗੇ)

(ਅ) ਸਬ-ਇੰਸਪੈਕਟਰ:-

(i) ਕਾਮਨਵੈਲਥ ਖੇਡਾਂ ਵਿੱਚ ਸਿਲਵਰ ਅਤੇ ਬਰਾਉਂਜ ਮੈਡਲ ਜਿੱਤਣ ਵਾਲੇ ਖਿਡਾਰੀ ।

(ii) ਓਲੰਪਿਕਸ, ਵਰਲਡ ਕੱਪ, ਏਸੀਅਨ ਗੇਮਜ ਅਤੇ ਕਾਮਨਵੈਲਥ ਗੇਮਜ ਵਿਚ ਭਾਗ ਲੈਣ ਵਾਲੇ ਖਿਡਾਰੀ।

(iii) ਏਸ਼ੀਅਨ ਖੇਡ ਪ੍ਰਤੀਯੋਗਤਾਵਾਂ ਵਿੱਚ ਮੈਡਲ ਪ੍ਰਾਪਤ ਕਰਨ ਵਾਲੇ ਖਿਡਾਰੀ ।

(iv) ਜੂਨੀਅਰ ਵਰਲਡ ਕੱਪ ਵਿਚ ਮੈਡਲ ਪ੍ਰਾਪਤ ਕਰਨ ਵਾਲੇ ਖਿਡਾਰੀ।

(v) ਹੋਰ ਅੰਤਰਰਾਸ਼ਟਰੀ ਖੇਡ ਪ੍ਰਤੀਯੋਗਤਾਵਾਂ ਵਿੱਚ ਮੈਡਲ ਪ੍ਰਾਪਤ ਕਰਨ ਵਾਲੇ ਖਿਡਾਰੀ ।

(vi) ਭਾਰਤੀ ਉਲੰਪਿਕ ਸੰਸਥਾ ਵੱਲੋਂ ਖੁਦ ਜਾਂ ਇਸ ਵੱਲੋਂ ਮਾਨਤਾ ਪ੍ਰਾਪਤ ਰਾਸ਼ਟਰੀ ਖੇਡ ਫੈਡਰੇਸ਼ਨਾਂ ਵੱਲੋਂ ਆਯੋਜਿਤ ਰਾਸ਼ਟਰੀ ਖੇਡਾਂ/ਸੀਨੀਅਰ ਰਾਸ਼ਟਰੀ ਪ੍ਰਤੀਯੋਗਤਾਵਾਂ ਵਿਚ ਮੈਡਲ ਜੇਤੂ ਖਿਡਾਰੀ।

(ਮੈਡਲ ਪ੍ਰਾਪਤ ਖਿਡਾਰੀਆਂ ਦੀਆਂ ਪ੍ਰਾਪਤੀਆਂ ਉਪਰ ਦਿੱਤੇਕ੍ਰਮ ਅਨੁਸਾਰ ਨਿਸਚਿਤ ਕੀਤੀਆਂ ਜਾਣਗੀਆਂ। ਭਾਵ ਕਿ ਕਾਮਨਵੈਲਥ ਖੇਡਾਂ ਵਿਚ ਸਿਲਵਰ ਅਤੇ ਬਰਾਉਂਜ ਮੈਡਲ ਜਿੱਤਣ ਵਾਲੇ ਖਿਡਾਰੀ ਪਹਿਲੇ ਨੰਬਰ ਤੇ, ਓਲੰਪਿਕਸ, ਵਰਲਡ ਕੱਪ, ਏਸੀਅਨ ਗੇਮਜ ਅਤੇ ਕਾਮਨਵੈਨਥ ਗੇਮਜ ਵਿਚ ਭਾਗ ਲੈਣ ਵਾਲੇ ਖਿਡਾਰੀ ਦੂਜੇ ਨੰਬਰ ਤੇ ਅਤੇ ਏਸੀਅਨ ਖੇਡ ਪ੍ਰਤੀਯੋਗਤਾਵਾਂ ਵਿਚ ਮੈਡਲ ਪ੍ਰਾਪਤ ਕਰਨ ਵਾਲੇ ਖਿਡਾਰੀ ਤੀਜੇ ਨੰਬਰ ਤੇ ਵਿਚਾਰੇ ਜਾਣਗੇ)।

(ੲ) ਸਿਪਾਹੀ:-

(i) ਖੇਡ ਵਿਭਾਗ ਪੰਜਾਬ ਵਲੋਂ ਆਯੋਜਿਤ ਵਿਸ਼ਵ ਕਬੱਡੀ ਕੱਪ (ਸਰਕਲ ਸਟਾਈਲ) ਵਿੱਚ ਮੈਡਲ ਪ੍ਰਾਪਤ ਕਰਨ ਵਾਲੇ ਖਿਡਾਰੀ।

(ii) ਰਾਸ਼ਟਰੀ ਮਹਿਲਾ ਪ੍ਰਤੀਯੋਗਤਾਵਾਂ ਦੇ ਮੈਡਲ ਵਿਜੇਤਾ

(iii) ਜੂਨੀਅਰ ਨੈਸ਼ਨਲ ਪ੍ਰਤੀਯੋਗਤਾਵਾਂ ਦੇ ਮੈਡਲ ਵਿਜੇਤਾ

(iv) ਆਲ ਇੰਡੀਆ ਇੰਟਰ ਯੂਨੀਵਰਸਿਟੀ ਪ੍ਰਤੀਯੋਗਤਾਵਾਂ ਦੇ ਮੈਡਲ ਵਿਜੇਤਾ

(v) ਨੈਸ਼ਨਲ ਸਕੂਲ ਗੇਮਜ ਅੰਡਰ-19 ਦੇ ਮੈਡਲ ਵਿਜੇਤਾ

(vi) ਸੀਨੀਅਰ ਸਟੇਟ ਪ੍ਰਤੀਯੋਗਤਾਵਾਂ ਦੇ ਮੈਡਲ ਵਿਜੇਤਾ

(ਮੈਡਲ ਪ੍ਰਾਪਤ ਖਿਡਾਰੀਆਂ ਦੀਆਂ ਪ੍ਰਾਪਤੀਆਂ ਉੱਪਰ ਦਿੱਤੇ ਕ੍ਰਮ ਅਨੁਸਾਰ ਨਿਸਚਿਤ ਕੀਤੀਆਂ ਜਾਣਗੀਆਂ। ਭਾਵ ਕਿ ਖੇਡ ਵਿਭਾਗ ਪੰਜਾਬ ਵਲੋਂ ਆਯੋਜਿਤ ਵਿਸ਼ਵ ਕਬੱਡੀ ਕੱਪ (ਸਰਕਲ ਸਟਾਈਲ) ਵਿਚ ਮੈਡਲ ਪ੍ਰਾਪਤ ਕਰਨ ਵਾਲੇ ਖਿਡਾਰੀ ਪਹਿਲੇ ਨੰਬਰ ਤੇ, ਰਾਸ਼ਟਰੀ ਮਹਿਲਾ ਪ੍ਰਤੀਯੋਗਤਾਵਾਂ ਦੇ ਮੈਡਲ ਵਿਜੇਤਾ ਖਿਡਾਰੀ ਦੂਜੇ ਨੰਬਰ ਤੇ ਅਤੇ ਜੂਨੀਅਰ ਨੈਸ਼ਨਲ ਪ੍ਰਤੀਯੋਗਤਾਵਾਂ ਦੇ ਮੈਡਲ ਵਿਜੇਤਾ ਖਿਡਾਰੀ ਤੀਜੇ ਨੰਬਰ ਤੇ ਵਿਚਾਰੇ ਜਾਣਗੇ )।

ਨੋਟ:-

1. ਵਰਲਡ ਕੱਪ ਦੀ ਪਰਿਭਾਸਾ ਅਧੀਨ ਕਵਰ ਹੋਣ ਵਾਲੀਆਂ ਪ੍ਰਤੀਯੋਗਤਾਵਾਂ ਦੀ ਸੂਚੀ ਅਨੁਲੱਗ-ੳ ਤੇ ਹੈ।
2. ਏਸੀਅਨ ਖੇਡ ਪ੍ਰਤੀਯੋਗਤਾਵਾਂ ਦੀ ਪਰਿਭਾਸਾ ਅਧੀਨ ਕਵਰ ਹੋਣ ਵਾਲੀਆਂ ਪ੍ਰਤੀਯੋਗਤਾਵਾਂ ਦੀ ਸੂਚੀ ਅਨੁਲੱਗ-ਅ ਤੇ ਹੈ।
3. ਜੂਨੀਅਰ ਵਰਲਡ ਕੱਪ ਦੀ ਪਰਿਭਾਸਾ ਵਿੱਚ ਸਾਮਿਲ ਹੋਣ ਵਾਲੀਆਂ ਖੇਡ ਪ੍ਰਤੀਯੋਗਤਾਵਾਂ ਦੀ ਸੂਚੀ ਅਨੁਲੱਗ-ੲ ਤੇ ਹੈ।
4. ਹੋਰ ਅੰਤਰਰਾਸਟਰੀ ਖੇਡ ਪ੍ਰਤੀਯੋਗਤਾਵਾਂ ਦੀ ਪਰਿਭਾਸਾ ਵਿੱਚ ਕਵਰ ਹੋਣ ਵਾਲੀਆਂ ਪ੍ਰਤੀਯੋਗਤਾਵਾਂ ਦੀ ਸੂਚੀ ਅਨੁਲੱਗ- ਸ ਤੇ ਹੈ।
5. ਭਾਰਤੀ ਓਲੰਪਿਕ ਸੰਸਥਾ ਵੱਲੋਂ ਖ਼ੁੱਦ ਜਾਂ ਇਸ ਵੱਲੋਂ ਮਾਨਤਾ ਪ੍ਰਾਪਤ ਰਾਸਟਰੀ ਖੇਡ ਫੈਡਰੈਸਨਾਂ ਵਲੋਂ ਆਯੋਜਿਤ ਰਾਸਟਰੀ ਖੇਡਾਂ/ਸੀਨੀਅਰ ਰਾਸਟਰੀ ਖੇਡ ਪ੍ਰਤੀਯੋਗਤਾਵਾਂ ਦੀ ਸੂਚੀ ਅਨੁਲੱਗ- ਹ ਤੇ ਹੈ।

<u>ਵਿਦਿਅਕ ਯੋਗਤਾ</u>

3. ਡਿਪਟੀ ਸੁਪਰਡੰਟ ਆਫ ਪੁਲਿਸ ਦੀ ਅਸਾਮੀ ਲਈ ਘੱਟੋ ਘੱਟ ਗਰੈਜੁਏਸ਼ਨ, ਸਬ-ਇੰਸਪੈਕਟਰ ਲਈ ਗਰੈਜੁਏਸ਼ਨ ਅਤੇ ਸਿਪਾਹੀ ਲਈ 10+2 ਵਿਦਿਅਕ ਯੋਗਤਾ ਹੋਣੀ ਲਾਜਮੀ ਹੈ। ਖਿਡਾਰੀ/ਖਿਡਾਰਨ ਵੱਲੋਂ 10ਵੀਂ ਜਮਾਤ ਵਿੱਚ ਪੰਜਾਬੀ ਵਿਸ਼ਾ ਲਾਜ਼ਮੀ ਵਿਸ਼ੇ ਵਜੋਂ ਪਾਸ ਕੀਤਾ ਹੋਣਾ ਜ਼ਰੂਰੀ ਹੈ। ਖਿਡਾਰੀਆਂ ਨੂੰ ਇਨ੍ਹਾਂ ਵਿਦਿਅਕ ਯੋਗਤਾਵਾਂ ਵਿੱਚ ਕੋਈ ਛੋਟੀ ਨਹੀਂ ਦਿੱਤੀ ਜਾਵੇਗੀ।

4. ਇਨ੍ਹਾਂ ਅਸਾਮੀਆਂ ਉਤੇ ਸੰਬੰਧਤ ਅਸਾਮੀਆਂ ਦੇ ਸੇਵਾ ਨਿਯਮ ਲਾਗੂ ਹੋਣਗੇ।

5. ਇਹਨਾਂ 125 ਅਸਾਮੀਆਂ ਤੇ ਭਰਤੀ ਲਈ ਉਮੀਦਵਾਰਾਂ ਨੂੰ ਸਰੀਰਕ ਮਾਪਦੰਡਾਂ (Height. Chest etc.) ਤੋਂ ਛੋਟ ਦਿੱਤੀ ਜਾਵੇਗੀ।

6. ਇਹਨਾਂ 125 ਅਸਾਮੀਆਂ ਤੇ ਭਰਤੀ ਲਈ ਉਮੀਦਵਾਰਾਂ ਨੂੰ ਸਰੀਰਕ ਟੈਸਟ (Physical Tests) ਜਿਵੇਂ ਲੌਂਗ ਜੰਪ, ਹਾਈ ਜੰਪ ਆਦਿ ਤੋਂ ਛੋਟ ਦਿੱਤੀ ਜਾਵੇਗੀ।

7. ਇਹ ਅਸਾਮੀਆਂ ਗ੍ਰਹਿ ਵਿਭਾਗ ਵਿੱਚ ਸਪੋਰਟਸ ਕੋਟੇ ਦੀਆਂ ਅਸਾਮੀਆਂ ਹਨ। ਇਹਨਾਂ 125 ਅਸਾਮੀਆਂ ਵਿਚ ਖਿਡਾਰੀ ਕੋਟੇ ਦੀ ਰਾਖਵੇਂਕਰਨ ਨੀਤੀ ਅਨੁਸਾਰ ਹਰ ਤਿੰਨ ਵਿਚੋਂ ਇੱਕ ਸੀਟ ਤੇ ਅਨੁਸੂਚਿਤ ਜਾਤੀਆਂ ਨੂੰ ਰਾਖਵਾਂਕਰਨ ਦਿੱਤਾ ਜਾਵੇਗਾ। ਰਾਖਵੀਂ ਸੀਟ ਖਾਲੀ ਰਹਿਣ ਦੀ ਸੂਰਤ ਵਿਚ ਅਗਲੇ ਯੋਗ ਉਮੀਦਵਾਰ ਨੂੰ ਦੇ ਦਿੱਤੀ ਜਾਵੇਗੀ। ਗ੍ਰਹਿ ਵਿਭਾਗ ਅਤੇ ਪੰਜਾਬ ਪੁਲਿਸ ਇਹ ਸੁਨਿਸਚਿਤ ਕਰਨਗੇ ਕਿ ਇਸ ਪ੍ਰੀਕ੍ਰਿਆ ਨਾਲ ਓਵਰਆਲ ਕਾਡਰਾਂ ਦੀਆਂ ਅਸਾਮੀਆਂ ਵਿਚ ਰਾਖਵਾਂਕਰਨ ਦੀ ਪ੍ਰਤੀਸ਼ਤਤਾ ਤੇ ਕੋਈ ਅਸਰ ਨਾ ਪਵੇ।

8. ਇਹ ਪਾਲਿਸੀ ਸਾਲ 2012 ਓਲੰਪਿਕ ਤੋਂ ਲਾਗੂ ਹੋਵੇਗੀ ਭਾਵ 2012 ਓਲੰਪਿਕਸ ਅਤੇ ਉਸ ਤੋਂ ਬਾਅਦ ਦੇ ਟੂਰਨਾਮੈਂਟਾਂ ਵਿੱਚ ਖੇਡ ਪ੍ਰਾਪਤੀਆਂ ਹੀ ਵਿਚਾਰਨਯੋਗ ਹੋਣਗੀਆਂ।

9. ਖਿਡਾਰੀ/ਖਿਡਾਰਨ ਵੱਲੋਂ ਪੰਜਾਬ ਰਾਜ ਦੀ ਨੁਮਾਇੰਦਗੀ ਰਾਸ਼ਟਰੀ ਪੱਧਰ ਉਤੇ ਕੀਤੀ ਹੋਵੇ।

10. ਇਨ੍ਹਾਂ ਅਸਾਮੀਆਂ ਨੂੰ ਭਰਨ ਲਈ ਖਿਡਾਰੀਆਂ ਦੀ ਸਪੋਰਟਸ ਮੈਰਿਟ ਨੂੰ ਵਿਚਾਰਿਆ ਜਾਵੇਗਾ। ਸਪੋਰਟਸ ਮੈਰਿਟ ਬਰਾਬਰ ਹੋਣ ਦੀ ਸੂਰਤ ਵਿਚ ਪਹਿਲਾਂ ਖਿਡਾਰੀ ਦੇ ਹੋਰ ਖੇਡ ਮੁਕਾਬਲਿਆਂ ਵਿਚ ਪ੍ਰਾਪਤੀਆਂ ਵੇਖੀਆਂ ਜਾਣਗੀਆਂ। ਜੇ ਉਸ ਉਪਰੰਤ ਵੀ ਦੋ ਉਮੀਦਵਾਰਾਂ ਦੀ ਮੈਰਿਟ ਬਰਾਬਰ ਹੁੰਦੀ ਹੈ ਤਾਂ ਉਹਨਾਂ ਦੀ Highest Educational Qualification ਵੇਖੀ ਜਾਵੇਗੀ। ਉਚੇਰੀ ਵਿਦਿਅਕ ਯੋਗਤਾ ਬਰਾਬਰ ਹੋਣ ਦੀ ਸੂਰਤ ਵਿਚ ਇਮਤਿਹਾਨਾਂ ਵਿਚ ਪ੍ਰਾਪਤ ਅੰਕਾਂ ਦੀ ਪ੍ਰਤੀਸ਼ਤਤਾ ਨੂੰ ਵੇਖਿਆ ਜਾਵੇਗਾ। ਜੇਕਰ ਇਸ ਉਪਰੰਤ ਵੀ ਦੋ ਉਮੀਦਵਾਰਾਂ ਦੀ ਮੈਰਿਟ ਬਰਾਬਰ ਰਹਿੰਦੀ ਹੈ ਤਾਂ ਵੱਧ ਉਮਰ ਵਾਲੇ ਖਿਡਾਰੀ ਨੂੰ ਤਰਜੀਹ ਦਿੱਤੀ ਜਾਵੇਗੀ।

11. ਜੇਕਰ ਕਿਸੇ ਕਾਰਨ ਖਿਡਾਰੀਆਂ ਵੱਲੋਂ ਪ੍ਰਾਪਤ ਕੀਤੇ ਮੈਡਲਾਂ ਮੁਤਾਬਕ ਡਿਪਟੀ ਸੁਪਰਡੰਟ ਆਫ ਪੁਲਿਸ ਦੀ ਨਿਯੁਕਤੀ ਦੀ ਯੋਗਤਾ ਬਣਦੀ ਹੋਵੇ, ਪਰ ਇਹ ਅਸਾਮੀਆਂ ਉਪਲਬਧ ਨਾ ਹੋਣ ਤਾਂ ਉਸ ਨੂੰ ਸਬ-ਇੰਸਪੈਕਟਰ ਦੀ ਉਪਲਬਧ ਅਸਾਮੀ ਤੇ ਨਿਯੁਕਤੀ ਦਿੱਤੀ ਜਾਵੇਗੀ। ਇਸੇ ਤਰ੍ਹਾਂ ਸਬ-ਇੰਸਪੈਕਟਰ ਦੀ ਨਿਯੁਕਤੀ ਲਈ ਯੋਗਤਾ ਰੱਖਣ ਵਾਲੇ ਖਿਡਾਰੀਆਂ ਲਈ ਅਸਾਮੀਆਂ ਉਪਲਬਧ ਨਾ ਹੋਣ ਤੇ ਉਨ੍ਹਾਂ ਨੂੰ ਕਾਂਸਟੇਬਲ ਦੀ ਉਪਲਬਧ ਅਸਾਮੀ ਤੇ ਨਿਯੁਕਤੀ ਦਿੱਤੀ ਜਾਵੇਗੀ। ਉਚੇਰੀ ਅਸਾਮੀ ਦੀ ਨਿਯੁਕਤੀ ਵਾਸਤੇ ਅਗਲੇ ਸਾਲਾਂ ਵਿੱਚ ਜੇ ਉਹ ਚਾਹੇ ਤਾਂ ਦੁਬਾਰਾ ਅਪਲਾਈ ਕਰ ਸਕੇਗਾ ਅਤੇ ਜੇ

ਉਹ ਉਸ ਸਾਲ ਮੈਰਿਟ ਵਿੱਚ ਆਉਂਦਾ ਹੋਵੇ ਤਾਂ ਉਚੀ ਪੋਸਟ ਪ੍ਰਾਪਤ ਕਰ ਸਕੇਗਾ। ਇਹ ਨਿਯੁਕਤੀ ਸਾਰੇ ਉਦੇਸ਼ਾਂ ਅਤੇ ਮਕਸਦਾਂ ਲਈ ਇੱਕ ਨਵੀਂ ਨਿਯੁਕਤੀ ਸਮਝੀ ਜਾਵੇਗੀ ਅਤੇ ਪਿਛਲੀ ਨਿਯੁਕਤੀ ਦਾ ਕੋਈ ਲਾਭ ਨਹੀਂ ਦਿੱਤਾ ਜਾਵੇਗਾ।

12. ਇਨ੍ਹਾਂ ਅਸਾਮੀਆਂ ਦੇ ਤਹਿਤ ਹੋਈ ਨਿਯੁਕਤੀ ਦੇ ਉਮੀਦਵਾਰਾਂ ਨੂੰ ਘੱਟੋ-ਘੱਟ 10 ਸਾਲ ਜਾਂ 40 ਸਾਲ ਦੀ ਉਮਰ ਤੱਕ ਜਿਹੜਾ ਵੀ ਘੱਟ ਹੋਵੇ, ਨੂੰ ਖੇਡ ਵਿਭਾਗ ਵਿੱਚ ਪੋਸਟ ਸਮੇਤ ਡੈਪੂਟੇਸ਼ਨ ਤੇ ਕੰਮ ਕਰਨਾ ਪਵੇਗਾ।

13. ਡਾਇਰੈਕਟਰ ਖੇਡ ਵਿਭਾਗ, ਪੰਜਾਬ ਇਨ੍ਹਾਂ ਅਸਾਮੀਆਂ ਨੂੰ ਵਿਗਿਆਪਤ ਕਰੇਗਾ। ਵਿਗਿਆਪਨ ਉਪਰੰਤ ਖੇਡ ਵਿਭਾਗ ਪ੍ਰਾਪਤ ਹੋਈਆਂ ਪ੍ਰਤੀ-ਬੇਨਤੀਆਂ ਦੀ ਸਕਰੂਟਨੀ ਕਰਕੇ ਅਤੇ ਮੈਰਿਟ ਤਿਆਰ ਕਰਕੇ ਚੋਣ ਕਮੇਟੀ ਅਗੇ ਪੇਸ਼ ਕਰੇਗਾ।

14. ਸਰਕਾਰ ਵੱਲੋਂ ਆਪਣੇ ਪਿੱਠ ਅੰਕਣ ਨੰ:1/7/2014-3ਸਸ/606243/1-606234/10 ਮਿਤੀ 08-10-2015 ਰਾਹੀਂ ਇਨ੍ਹਾਂ ਅਸਾਮੀਆਂ ਨੂੰ ਭਰਨ ਲਈ ਹੇਠ ਲਿਖੇ ਅਨੁਸਾਰ ਚੋਣ ਕਮੇਟੀ ਗਠਿਤ ਕੀਤੀ ਗਈ ਹੈ:-

| | | |
|---|---|---|
| 1. | ਮੁੱਖ ਸਕੱਤਰ ਪੰਜਾਬ ਸਰਕਾਰ | ਚੇਅਰਮੈਨ |
| 2. | ਸ੍ਰੀ ਪ੍ਰਗਟ ਸਿੰਘ, ਐਮ.ਐਲ.ਏ. (ਬਤੌਰ ਤਕਨੀਕੀ ਮਾਹਿਰ) | ਮੈਂਬਰ |
| 3. | ਪ੍ਰਮੁੱਖ ਸਕੱਤਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ | ਮੈਂਬਰ |
| 4. | ਸਕੱਤਰ, ਖੇਡਾਂ ਅਤੇ ਯੁਵਕ ਸੇਵਾਵਾਂ | ਮੈਂਬਰ |
| 5. | ਡਾਇਰੈਕਟਰ ਜਨਰਲ ਆਫ ਪੁਲਿਸ | ਮੈਂਬਰ |
| 6. | ਡਾਇਰੈਕਟਰ ਸਪੋਰਟਸ, ਪੰਜਾਬ | ਮੈਂਬਰ ਸੱਕਤਰ |

15. ਚੋਣ ਕਮੇਟੀ ਇਨ੍ਹਾਂ ਉਮੀਦਵਾਰਾਂ ਦੀ ਯੋਗਤਾ/ਮੈਰਿਟ ਦੇ ਅਧਾਰ ਤੇ ਆਪਣੀਆਂ ਸਿਫਾਰਸ਼ਾਂ ਗ੍ਰਹਿ ਵਿਭਾਗ ਨੂੰ ਭੇਜੇਗੀ। ਇਸ ਉਪਰੰਤ ਗ੍ਰਹਿ ਵਿਭਾਗ ਦੇ ਸਮਰੱਥ ਅਧਿਕਾਰੀ ਵੱਲੋਂ ਇਨ੍ਹਾਂ ਖਿਡਾਰੀਆਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਜਾਣਗੇ

**ਨੱਥੀ:ਅਨੁਲੱਗ:ਓ,ਅ,ੲ,ਸ ਅਤੇ ਹ**

**ਮਿਤੀ ਚੰਡੀਗੜ੍ਹ:**
4.07.2016

**ਵਿਵੇਕ ਪ੍ਰਤਾਪ ਸਿੰਘ**
**ਸਕੱਤਰ, ਖੇਡਾਂ ਅਤੇ ਯੁਵਕ ਸੇਵਾਵਾਂ**

ਪਿੱਠ ਅੰਕਣ ਨੰ:1/7/2014-4ਸਸ/78994/2 ਮਿਤੀ,ਚੰਡੀਗੜ੍ਹ: 5-7-2016

ਉਪਰੋਕਤ ਦਾ ਉਤਾਰਾ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੋਟੀਫਿਕੇਸ਼ਨ ਨੂੰ ਸਰਕਾਰ ਦੇ ਅਸਧਾਰਣ ਗਜ਼ਟ ਵਿਚ ਛਪਵਾ ਕੇ

60

ਉਸਦੀਆਂ 50 ਕਾਪੀਆਂ ਇਸ ਵਿਭਾਗ ਨੂੰ ਰਿਕਾਰਡ ਹਿਤ ਭੇਜਣ ਦੀ ਖੇਚਲ ਕੀਤੀ ਜਾਵੇ।

ਸੰਯੁਕਤ ਸਕੱਤਰ

ਪਿਠ:ਅੰਕਣ:ਨੰ: 1/7/2014-4ਸਸ/789944/3 - 789944/6 ਮਿਤੀ,ਚੰਡੀਗੜ੍ਹ: 5-7-2016

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

1. ਵਧੀਕ ਮੁੱਖ ਸਕੱਤਰ/ਪ੍ਰਮੁੱਖ ਸਕੱਤਰ ਗਹਿ ਮਾਮਲੇ ਅਤੇ ਨਿਆਂ ਵਿਭਾਗ,ਪੰਜਾਬ।
2. ਡਾਇਰੈਕਟਰ, ਸਪੋਰਟਸ ਪੰਜਾਬ।
3. ਡਾਇਰੈਕਟਰ ਜਨਰਲ ਆਫ ਪੁਲਿਸ, ਪਜਾਬ।
4. ਨਿਜੀ ਸਕੱਤਰ/ਮੁੱਖ ਸਕੱਤਰ, ਪੰਜਾਬ।

ਸੁਪਰਡੰਟ

ਅਨੁਲੱਗ 2

## ਵਰਲਡ ਕੱਪ ਦੀ ਪਰਿਭਾਸ਼ਾ ਅਧੀਨ ਕਵਰ ਹੋਣ ਵਾਲੀਆਂ ਪ੍ਰਤੀਯੋਗਤਾਵਾਂ

| ਲੜੀ ਨੰ . | ਪ੍ਰਤਿਯੋਗਤਾ ਦਾ ਨਾ | ਕਿੰਨੇ ਸਾਲ ਬਾਅਦ ਹੁੰਦਾ |
|---|---|---|
| 1 | ਵਰਲਡ ਕੱਪ ਫੁੱਟਬਾਲ | 4 ਸਾਲ |
| 2 | (ਆਈ .ਏ .ਏ .ਐਫ) ਵਰਲਡ ਕੱਪ ਇੰਨ ਅਥਲੈਟਿਕਸ | 4 ਸਾਲ |
| 3. | (ਐਫ .ਆਈ .ਬੀ .ਏ ) ਬਾਸਕਟਬਾਲ ਵਰਲਡ ਕੱਪ | 4 ਸਾਲ |
| 4 | (ਆਈ .ਸੀ .ਸੀ .) ਕ੍ਰਿਕਟ ਵਰਲਡ ਕੱਪ | 4 ਸਾਲ |
| 5 | ਵਾਲੀਬਾਲ ਵਰਲਡ ਕੱਪ | 4 ਸਾਲ |
| 6 | ਹਾਕੀ ਵਰਲਡ ਕੱਪ | 4 ਸਾਲ |
| 7. | ਵਾਟਰ ਪੋਲੋ ਵਰਲਡ ਕੱਪ | 4 ਸਾਲ |
| 8 | ਥੋਮਸ ਕੱਪ (ਬੈਡਮਿੰਟਨ) | 2 ਸਾਲ |
| 9 | ਉਬੇਰ ਕੱਪ (ਬੈਡਮਿੰਟਨ) | 2 ਸਾਲ |
| 10 | ਗੋਲਫ ਵਰਲਡ ਕੱਪ | 2 ਸਾਲ |
| 11 | ਰੋਲਰ ਹਾਕੀ ਵਰਲਡ ਕੱਪ | 2 ਸਾਲ |
| 12 | ਬਾਕਸਿੰਗ ਵਰਲਡ ਕੱਪ | 2 ਸਾਲ |

ਅਨੁਲੱਗ-ਅ

<u>ਏਸ਼ੀਅਨ ਖੇਡ ਪ੍ਰਤੀਯੋਗਤਾਵਾਂ ਦੀ ਪਰਿਭਾਸ਼ਾ ਵਿੱਚ ਕਵਰ ਹੋਣ ਵਾਲੀਆ ਪ੍ਰਤੀਯੋਗਤਾਵਾਂ</u>

| ਲੜੀ ਨੰ. | ਖੇਡ ਪ੍ਰਤੀਯੋਗਤਾ ਦਾ ਨਾਂ | ਆਯੋਜਿਤ ਕਰਨ ਵਾਲੀ ਸੰਸਥਾ ਦਾ ਨਾਂ |
|---|---|---|
| 1 | ਏਸ਼ੀਅਨ ਹਾਕੀ ਚੈਂਪੀਅਨ ਟਰਾਫੀ | ਏਸ਼ੀਅਨ ਹਾਕੀ ਫੈਡਰੇਸ਼ਨ |
| 2 | ਏਸ਼ੀਅਨ ਵਾਲੀਬਾਲ ਚੈਂਪੀਅਨਸ਼ਿਪ | ਏਸ਼ੀਅਨ ਵਾਲੀਬਾਲ ਕੰਨਫਡਰੇਸ਼ਨ / ਫੈਡਰੇਸ਼ਨ |
| 3 | ਏਸ਼ੀਅਨ ਜੂੱਡੋ ਚੈਂਪੀਅਨਸ਼ਿਪ | ਜੂੱਡੋ ਯੂਨੀਅਨ ਆਫ ਏਸ਼ੀਆ |
| 4 | ਏਸ਼ੀਅਨ ਰੈਸਲਿੰਗ ਚੈਂਪੀਅਨਸ਼ਿਪ | ਏਸ਼ੀਅਨ ਐਸੋਸੀਏਟਿਡ ਰੈਸਲਿੰਗ ਕਮੇਟੀ |
| 5 | ਏਸ਼ੀਅਨ ਜਿਮਨਾਸਟਿਕ ਚੈਂਪੀਅਨਸ਼ਿਪ | ਦੀ ਏਸ਼ੀਅਨ ਜਿਮਨਾਸਟਿਕ ਯੂਨੀਅਨ |
| 6 | ਫੀਬਾ ਏਸ਼ੀਆ ਚੈਂਪੀਅਨਸ਼ਿਪ | ਏਸ਼ੀਅਨ ਚੈਂਪੀਅਨਸ਼ਿਪ ਕੰਨਫਡਰੇਸ਼ਨ |
| 7 | ਏਸ਼ੀਅਨ ਸਾਈਕਲਿੰਗ ਚੈਂਪੀਅਨਸ਼ਿਪ | ਏਸ਼ੀਅਨ ਸਾਈਕਲਿੰਗ ਕੰਨਫਡਰੇਸ਼ਨ |
| 8 | ਬੈਡਮਿੰਟਨ ਏਸ਼ੀਆ ਚੈਂਪੀਅਨਸ਼ਿਪ | ਬੈਡਮਿੰਟਨ ਏਸ਼ੀਆ ਕੰਨਫਡਰੇਸ਼ਨ |
| 9 | ਏਸ਼ੀਅਨ ਅਥਲੈਟਿਕਸ ਚੈਂਪੀਅਨਸ਼ਿਪ | ਏਸ਼ੀਅਨ ਅਥਲੈਟਿਕਸ ਐਸੋਸੀਏਸ਼ਨ |
| 10 | ਏਸ਼ੀਅਨ ਸੂਟਿੰਗ ਚੈਂਪੀਅਨਸ਼ਿਪ | ਏਸ਼ੀਅਨ ਸ਼ੂਟਿੰਗ ਕੰਨਫਡਰੇਸ਼ਨ |
| 11 | ਏਸ਼ੀਅਨ ਟੇਬਲ ਟੈਨਿਸ ਚੈਂਪੀਅਨਸ਼ਿਪ | ਅੰਤਰਰਾਸ਼ਟਰੀ ਟੇਬਲ ਟੈਨਿਸ ਫੈਡਰੇਸ਼ਨ |
| 12 | ਏਸ਼ੀਅਨ ਫੈਨਸਿੰਗ ਚੈਂਪੀਅਨਸ਼ਿਪ | ਏਸ਼ੀਅਨ ਫੈਨਸਿੰਗ ਕੰਨਫਡਰੇਸ਼ਨ |
| 13 | ਏਸ਼ੀਅਨ ਵੇਟਲਿਫਟਿੰਗ ਚੈਂਪੀਅਨਸ਼ਿਪ | ਏਸ਼ੀਅਨ ਵੇਟਲਿਫਟਿੰਗ ਫੈਡਰੇਸਨ |
| 14 | ਏਸ਼ੀਅਨ ਮੈਨ ਸਾਫਟਬਾਲ ਚੈਂਪੀਅਨਸ਼ਿਪ | ਸਾਫਟਬਾਲ ਕੰਨਫਡਰੇਸ਼ਨ ਆਫ ਏਸ਼ੀਆ |
| 15 | ਏਸ਼ੀਅਨ ਸੂਟਿੰਗ ਚੈਂਪੀਅਨਸ਼ਿਪ | ਏਸ਼ੀਅਨ ਸ਼ੂਟਿੰਗ ਕੰਨਫਡਰੇਸ਼ਨ |
| 16 | ਏ.ਐਫ.ਸੀ.ਏਸ਼ੀਅਨ ਕੱਪ | ਏਸ਼ੀਅਨ ਫੁੱਟਬਾਲ ਕੰਨਫਡਰੇਸ਼ਨ |
| 17 | ਏਸ਼ੀਅਨ ਆਰਚਰੀ ਚੈਂਪੀਅਨਸ਼ਿਪ | ਏਸ਼ੀਅਨ ਆਰਚਰੀ ਫੈਡਰੇਸ਼ਨ |
| 18 | ਏਸ਼ੀਅਨ ਕਨੋਇੰਗ ਚੈਂਪੀਅਨਸ਼ਿਪ | ਏਸ਼ੀਅਨ ਕਨੋਇੰਗ ਕੰਨਫਡਰੇਸ਼ਨ |
| 19 | ਏਸ਼ੀਅਨ ਹੈਂਡਬਾਲ ਚੈਂਪੀਅਨਸ਼ਿਪ | ਏਸ਼ੀਅਨ ਹੈਂਡਬਾਲ ਫੈਡਰੇਸ਼ਨ |

ਅਨੁਲੱਗ-"ਦ"

<u>ਜੂਨੀਅਰ ਵਰਲਡ ਕੱਪ ਦੀ ਪਰਿਭਾਸ਼ਾ ਵਿੱਚ ਸ਼ਾਮਿਲ ਹੋਣ ਵਾਲੀਆਂ ਪ੍ਰਤੀਯੋਗਤਾਵਾਂ</u>

| ਲੜੀ ਨੰ. | ਖੇਡ ਪ੍ਰਤੀਯੋਗਤਾ ਦਾ ਨਾਂ | ਆਯੋਜਿਤ ਕਰਨ ਵਾਲੀ ਸੰਸਥਾ ਦਾ ਨਾਂ |
|---|---|---|
| 1 | ਹਾਕੀ ਜੂਨੀਅਰ ਵਰਲਡ ਕੱਪ | ਅੰਤਰਰਾਸ਼ਟਰੀ ਹਾਕੀ ਫੈਡਰੇਸ਼ਨ |
| 2 | ਫੀਫਾ ਫੁੱਟਬਾਲ (ਅੰਡਰ 17) ਵਰਲਡ ਕੱਪ | ਫੀਫਾ |
| 3 | ਕ੍ਰਿਕਟ ਜੂਨੀਅਰ ਵਰਲਡ ਕੱਪ | ਆਈ.ਸੀ.ਸੀ. |

ਨੋਟ:- ਉਪਰੋਕਤ ਤੋਂ ਇਲਾਵਾ ਆਈ.ਓ.ਸੀ./ਐਸ.ਜੀ.ਐਫ.ਆਈ. ਅਤੇ ਆਈ.ਓ. ਏ. ਤੋਂ ਮਾਨਤਾ ਪ੍ਰਾਪਤ ਸੰਸਥਾਵਾਂ ਵਲੋਂ ਉਲੰਪਿਕਸ, ਏਸ਼ੀਅਨ ਗੇਮਜ਼ ਅਤੇ ਨੈਸ਼ਨਲ ਗੇਮਜ਼ ਵਿਚ ਆਉਂਦੀਆਂ ਖੇਡਾਂ ਦੇ ਜੂਨੀਅਰ ਵਰਲਡ ਕੱਪ।

ਅਨੁਲਗ-ਅ

**ਹੋਰ ਅੰਤਰਰਾਸ਼ਟਰੀ ਖੇਡ ਪ੍ਰਤੀਯੋਗਤਾਵਾਂ ਦੀ ਪਰਿਭਾਸ਼ਾ ਵਿੱਚ ਕਵਰ ਹੋਣ ਵਾਲੀਆਂ ਪ੍ਰਤੀਯੋਗਤਾਵਾਂ**

1. ਵਰਲਡ ਚੈਂਪੀਅਨਸ਼ਿਪ (ਹਰ ਚਾਰ ਸਾਲ, ਹਰ ਦੋ ਸਾਲ ਅਤੇ ਹਰ ਸਾਲ ਹੋਣ ਵਾਲੀਆਂ)
2. ਵਰਲਡ ਕੱਪ (ਹਰ ਸਾਲ ਹੋਣ ਵਾਲੇ )
3. ਏਸ਼ੀਅਨ ਪ੍ਰਤੀਯੋਗਤਾਵਾਂ
4. ਕਾਮਨਵੈਲਥ ਪ੍ਰਤੀਯੋਗਤਾਵਾਂ
5. ਐਫਰੋ-ਏਸ਼ੀਅਨ ਗੇਮਜ
6. ਸਾਊਥ ਏਸ਼ੀਅਨ ਫੈਡਰੇਸ਼ਨ ਗੇਮਜ
7. ਸੀਨੀਅਰ ਵਰਲਡ ਚੈਂਪੀਅਨਸ਼ਿਪਸ
8. ਜੂਨੀਅਰ ਵਰਲਡ ਚੈਂਪੀਅਨਸ਼ਿਪਸ

ਅਨੁਲੱਗ-

**ਭਾਰਤੀ ਓਲੰਪਿਕ ਸੰਸਥਾ ਵਲੋਂ ਖੁਦ ਜਾਂ ਇਸ ਵਲੋਂ ਮਾਨਤਾ ਪ੍ਰਾਪਤ ਰਾਸ਼ਟਰੀ ਖੇਡ ਫੈਡਰੇਸ਼ਨਾਂ ਵਲੋਂ ਆਯੋਜਿਤ ਰਾਸ਼ਟਰੀ ਖੇਡਾਂ/ਸੀਨੀਅਰ ਰਾਸ਼ਟਰੀ ਪ੍ਰਤੀਯੋਗਤਾਵਾਂ ਦੀ ਸੂਚੀ**

| ਲੜੀ ਨੰ. | ਖੇਡ ਪ੍ਰਤੀਯੋਗਤਾ ਦਾ ਨਾਂ | ਆਯੋਜਿਤ ਕਰਨ ਵਾਲੀ ਸੰਸਥਾ ਦਾ ਨਾਂ |
|---|---|---|
| 1 | ਰਾਸ਼ਟਰੀ ਖੇਡਾਂ | ਭਾਰਤੀ ਓਲੰਪਿਕ ਸੰਸਥਾ |
| 2 | ਸੀਨੀਅਰ ਨੈਸ਼ਨਲ ਆਰਚਰੀ ਪ੍ਰਤੀਯੋਗਤਾ | ਆਰਚਰੀ ਐਸੋਸੀਏਸ਼ਨ ਵਲੋਂ |
| 3 | ਸੀਨੀਅਰ ਨੈਸ਼ਨਲ ਬੈਡਮਿੰਟਨ ਪ੍ਰਤੀਯੋਗਤਾ | ਬੈਡਮਿੰਟਨ ਐਸੋਸੀਏਸ਼ਨ ਆਫ ਇੰਡੀਆ |
| 4 | ਸੀਨੀਅਰ ਨੈਸ਼ਨਲ ਬਾਸਕਟਬਾਲ ਪ੍ਰਤੀਯੋਗਤਾ | ਬਾਸਕਟਬਾਲ ਫੈਡਰੇਸ਼ਨ ਆਫ ਇੰਡੀਆ |
| 5 | ਸੀਨੀਅਰ ਨੈਸ਼ਨਲ ਬਾਕਸਿੰਗ ਪ੍ਰਤੀਯੋਗਤਾ | ਬਾਕਸਿੰਗ ਫੈਡਰੇਸ਼ਨ ਆਫ ਇੰਡੀਆ |
| 6 | ਸੀਨੀਅਰ ਨੈਸ਼ਨਲ ਘੋੜ ਸਵਾਰੀ ਪ੍ਰਤੀਯੋਗਤਾ | ਘੋੜ ਸਵਾਰੀ ਫੈਡਰੇਸ਼ਨ ਆਫ ਇੰਡੀਆ |
| 7 | ਸੰਤੋਸ਼. ਟਰਾਫੀ | ਫੁੱਟਬਾਲ ਫੈਡਰੇਸ਼ਨ ਆਫ ਇੰਡੀਆ |
| 8 | ਸੀਨੀਅਰ ਨੈਸ਼ਨਲ ਫੈਨਸਿੰਗ ਪ੍ਰਤੀਯੋਗਤਾ | ਫੈਨਸਿੰਗ ਐਸੋਸੀਏਸ਼ਨ ਆਫ ਇੰਡੀਆ |
| 9 | ਸੀਨੀਅਰ ਨੈਸ਼ਨਲ ਜਿਮਨਾਸਟਿਕ ਪ੍ਰਤੀਯੋਗਤਾ | ਜਿਮਨਾਸਟਿਕ ਫੈਡਰੇਸ਼ਨਲ ਆਫ ਇੰਡੀਆ |
| 10 | ਰੰਗਾ ਸੁਆਮੀ ਕੱਪ | ਹਾਕੀ ਇੰਡੀਆ |
| 11 | ਸੀਨੀਅਰ ਨੈਸ਼ਨਲ ਜੂਡੋ ਪ੍ਰਤੀਯੋਗਤਾ | ਜੂਡੋ ਫੈਡਰੇਸ਼ਨਲ ਆਫ ਇੰਡੀਆ |
| 12 | ਸੀਨੀਅਰ ਨੈਸ਼ਨਲ ਕਾਇਕਿੰਗ ਐਂਡ ਕਨੋਇੰਗ ਪ੍ਰਤੀਯੋਗਤਾ | ਕਾਇਕਿੰਗ ਐਂਡ ਕਨੋਇੰਗ ਐਸੋਸੀਏਸ਼ਨ ਆਫ ਇੰਡੀਆ |
| 13 | ਸੀਨੀਅਰ ਨੈਸ਼ਨਲ ਕਬੱਡੀ ਪ੍ਰਤੀਯੋਗਤਾ (ਨੈਸ.ਨਲ ਅਤੇ ਸਰਕਲ ਰਾਈਫਲ ਸਟਾਈਲ) | ਅਮੈਚਿਊਰ ਕਬੱਡੀ ਫੈਡਰੇਸ਼ਨ ਆਫ ਇੰਡੀਆ |
| 14 | ਸੀਨੀਅਰ ਨੈਸ਼ਨਲ ਰਾਈਫਲ ਸੂ.ਟਿੰਗ ਪ੍ਰਤੀਯੋਗਤਾ | ਨੈਸ.ਨਲ ਰਾਈਫਲ ਐਸੋਸੀਏਸ਼ਨ ਆਫ ਇੰਡੀਆ |
| 15 | ਸੀਨੀਅਰ ਨੈਸ਼ਨਲ ਨੈਟਬਾਲ ਪ੍ਰਤੀਯੋਗਤਾ | ਨੈਟਬਾਲ ਫੈਡਰੇਸ਼ਨ ਆਫ ਇੰਡੀਆ |
| 16 | ਸੀਨੀਅਰ ਨੈਸ਼ਨਲ ਰੋਇੰਗ ਪ੍ਰਤੀਯੋਗਤਾ | ਰੋਇੰਗ ਫੈਡਰੇਸ਼ਨ ਆਫ ਇੰਡੀਆ |
| 17 | ਸੀਨੀਅਰ ਨੈਸ਼ਨਲ ਤੈਰਾਕੀ ਪ੍ਰਤੀਯੋਗਤਾ | ਸਵੀਮਿੰਗ ਫੈਡਰੇਸ਼ਨ ਆਫ ਇੰਡੀਆ |

| | | |
|---|---|---|
| 18 | ਸੀਨੀਅਰ ਨੈਸ਼ਨਲ ਟੇਬਲ ਟੈਨਿਸ ਪ੍ਰਤੀਯੋਗਤਾ | ਟੇਬਲ ਟੈਨਿਸ ਫੈਡਰੇਸ਼ਨ ਆਫ ਇੰਡੀਆ |
| 19 | ਸੀਨੀਅਰ ਨੈਸ਼ਨਲ ਟੈਨਿਸ ਪ੍ਰਤੀਯੋਗਤਾ | ਆਫ ਇੰਡੀਆ ਟੈਨਿਸ ਐਸੋਸੀਏਸ਼ਨ |
| 20 | ਸੀਨੀਅਰ ਨੈਸ਼ਨਲ ਵਾਲੀਬਾਲ ਪ੍ਰਤੀਯੋਗਤਾ | ਵਾਲੀਬਾਲ ਫੈਡਰੇਸ਼ਨ ਆਫ ਇੰਡੀਆ |
| 21 | ਸੀਨੀਅਰ ਨੈਸ਼ਨਲ ਵੇਟ ਲਿਫਟਿੰਗ ਪ੍ਰਤੀਯੋਗਤਾ | ਇੰਡੀਅਨ ਵੇਟ ਲਿਫਟਿੰਗ ਫੈਡਰੇਸ਼ਨ |
| 22 | ਸੀਨੀਅਰ ਨੈਸ਼ਨਲ ਕੁਸ਼ਤੀ ਪ੍ਰਤੀਯੋਗਤਾ | ਰੈਸਲਿੰਗ ਫੈਡਰੇਸ਼ਨ ਆਫ ਇੰਡੀਆ |
| 23 | ਸੀਨੀਅਰ ਨੈਸ਼ਨਲ ਯਾਟਿੰਗ ਪ੍ਰਤੀਯੋਗਤਾ | ਯਾਟਿੰਗ ਐਸੋਸੀਏਸ਼ਨ ਆਫ ਇੰਡੀਆ |
| 24 | ਸੀਨੀਅਰ ਨੈਸ਼ਨਲ ਗੋਲਫ ਪ੍ਰਤੀਯੋਗਤਾ | ਦੀ ਇੰਡੀਅਨ ਗੋਲਫ ਯੂਨੀਅਨ |
| 25 | ਸੀਨੀਅਰ ਨੈਸ਼ਨਲ ਅਥਲੈਟਿਕਸ ਪ੍ਰਤੀਯੋਗਤਾ | ਖੋ ਖੋ ਫੈਡਰੇਸ਼ਨ ਆਫ ਇੰਡੀਆ |
| 26 | ਸੀਨੀਅਰ ਨੈਸ਼ਨਲ ਅਥਲੈਟਿਕਸ ਪ੍ਰਤੀਯੋਗਤਾ | ਐਮਚਿਉਰ ਅਥਲੈਟਿਕਸ ਫੈਡਰੇਸ਼ਨ ਆਫ ਇੰਡੀਆ |
| 27 | ਸੀਨੀਅਰ ਨੈਸ਼ਨਲ ਸਾਇਕਲਿੰਗ ਪ੍ਰਤੀਯੋਗਤਾ | ਸਾਇਕਲਿੰਗ ਫੈਡਰੇਸ਼ਨ ਆਫ ਇੰਡੀਆ |
| 28 | ਸੀਨੀਅਰ ਨੈਸ਼ਨਲ ਹੈਂਡਬਾਲ ਪ੍ਰਤੀਯੋਗਤਾ | ਹੈਂਡਬਾਲ ਫੈਡਰੇਸ਼ਨ ਆਫ ਇੰਡੀਆ |